**ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਅਤੇ**
**ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥੋਰਿਟੀ, ਪੰਜਾਬ**
**ਐਸ.ਸੀ.ਓ. ਨੰ : 104-106, ਦੂਜੀ ਮੰਜ਼ਿਲ, ਸੈਕਟਰ-34 ਏ, ਚੰਡੀਗੜ੍ਹ**

ਵੱਲ

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ) (ਵੈਬ ਸਾਈਟ ਰਾਹੀਂ)
ਪੰਜਾਬ।
ਮੀਮੋ ਨੰ: ਸਸਅ/ਏ.ਐਸ.ਪੀ.ਡੀ./ਟੀ.ਟੀ/2012/220
ਮਿਤੀ, ਚੰਡੀਗੜ੍ਹ : 5.1.2012

ਵਿਸ਼ਾ :- ਸਮੂਹ ਜਿਲ੍ਹਿਆਂ ਦੇ ਆਰਟ ਐਂਡ ਕਰਾਫਟ ਅਤੇ ਹੋਰ (C & V ਕਾਡਰ) ਅਧਿਆਪਕਾਂ, ਜਿਲ੍ਹਾ ਫਿਰੋਜ਼ਪੁਰ ਅਤੇ ਰੂਪਨਗਰ ਦੇ ਰੈਜ਼ੀਡੈਨਸ਼ੀਅਲ ਟ੍ਰੇਨਿੰਗ ਵਾਲੇ ਅਧਿਆਪਕਾਂ ਨੂੰ ਬਲਾਕ ਪੱਧਰ ਤੇ ਸੀ.ਸੀ.ਈ. ਵਿਸ਼ੇ ਦੀ ਇੱਕ ਰੋਜ਼ਾ ਟ੍ਰੇਨਿੰਗ ਕਰਵਾਉਂਣ ਸਬੰਧੀ।

1.0 ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਆਪ ਜੀ ਨੂੰ ਲਿਖਿਆ ਜਾਂਦਾ ਹੈ ਕਿ ਮੁੱਖ ਦਫਤਰ ਵੱਲੋਂ ਸਮੂਹ ਜਿਲ੍ਹਿਆਂ ਦੇ ਆਰਟ ਐਂਡ ਕਰਾਫਟ ਅਤੇ ਹੋਰ (C & V ਕਾਡਰ) ਅਧਿਆਪਕਾਂ ਨੂੰ ਬਲਾਕ ਪੱਧਰ ਤੇ ਵੱਖ-ਵੱਖ ਗਰੁੱਪਾਂ ਵਿੱਚ ਮਿਤੀ 09.01.2012 ਅਤੇ 10.01.2012 ਨੂੰ ਇੱਕ ਰੋਜ਼ਾ ਸੀ.ਸੀ.ਈ ਵਿਸ਼ੇ ਦੀ ਟ੍ਰੇਨਿੰਗ ਕਰਵਾਈ ਜਾਣੀ ਹੈ।

2.0 ਜਿਲ੍ਹਾ ਫਿਰੋਜ਼ਪੁਰ ਅਤੇ ਰੂਪਨਗਰ ਦੇ ਰੈਜ਼ੀਡੈਨਸ਼ੀਅਲ ਟ੍ਰੇਨਿੰਗ ਲੈਣ ਵਾਲੇ ਅਪਰ ਪ੍ਰਾਇਮਰੀ ਅਧਿਆਪਕਾਂ ਨੂੰ ਵੱਖ-ਵੱਖ ਗਰੁੱਪਾਂ ਵਿੱਚ ਮਿਤੀ 11.01.2012 ਅਤੇ 12.01.2012 ਨੂੰ ਸੀ.ਸੀ.ਈ ਵਿਸ਼ੇ ਦੀ ਟ੍ਰੇਨਿੰਗ ਕਰਵਾਈ ਜਾਣੀ ਹੈ।

3.0 ਇਹ ਟ੍ਰੇਨਿੰਗ ਮੁੱਖ ਦਫਤਰ ਵੱਲੋਂ ਟ੍ਰੇਨਡ ਰਿਸੋਰਸ ਪਰਸਨਜ਼ ਵੱਲੋਂ ਕਰਵਾਈ ਜਾਣੀ ਹੈ। ਟ੍ਰੇਨਿੰਗ ਦਾ ਸਮਾਂ ਸਵੇਰੇ 9.00 ਵਜੇ ਤੋਂ ਸ਼ਾਮ 3.00 ਵਜੇ ਤੱਕ ਹੋਵੇਗਾ।

4.0 ਇਹ ਟ੍ਰੇਨਿੰਗ ਸਮੂਹ ਪ੍ਰਿੰਸੀਪਲ GISTCs ਅਤੇ ਸਬੰਧਤ DIETs ਵੱਲੋਂ ਤਿਆਰ ਮਾਇਕਰੋਪਲਾਨ ਅਨੁਸਾਰ ਕਰਵਾਈ ਜਾਵੇਗੀ। ਉਹਨਾਂ ਵੱਲੋਂ ਮਾਇਕਰੋਪਲਾਨ ਦੀ ਕਾਪੀ ਸਬੰਧਤ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ) ਨੂੰ ਪੁੱਜਦਾ ਕੀਤੀ ਜਾਵੇ। ਨਿਮਨਹਸਤਾਖਰ ਦੀ ਪ੍ਰਵਾਨਗੀ ਤੋਂ ਬਿਨਾਂ ਇਸ ਵਿੱਚ ਕੋਈ ਤਬਦੀਲੀ ਨਾ ਕੀਤੀ ਜਾਵੇ।

5.0 ਟ੍ਰੇਨਿੰਗ ਲੈਣ ਵਾਲੇ ਅਧਿਆਪਕਾਂ ਨੂੰ ਸਮੇਂ ਸਿਰ ਸੂਚਿਤ ਕਰਨਾ ਸਬੰਧਤ ਜਿਲ੍ਹਿਆਂ ਦੇ (ਸੈ.ਸਿ) ਦੀ ਨਿੱਜੀ ਜਿੰਮੇਵਾਰੀ ਹੋਵੇਗੀ। ਟ੍ਰੇਨਿੰਗ ਮਿਤੀ ਨੂੰ ਚੋਣ ਡਿਊਟੀ ਕਰ ਰਹੇ ਅਧਿਆਪਕਾਂ ਨੂੰ ਟ੍ਰੇਨਿੰਗ ਤੋਂ ਛੋਟ ਦਿੱਤੀ ਜਾਵੇ ਅਤੇ ਉਹਨਾਂ ਦੀ ਐਂਡਜਸਮੈਂਟ ਹੋਰ ਬੈਚ ਵਿੱਚ ਕਰ ਦਿੱਤੀ ਜਾਵੇ।

6.0 ਟ੍ਰੇਨਿੰਗ ਦੀ ਮੋਨੀਟਰਿੰਗ ਸਬੰਧਤ ਮੰਡਲ ਸਿੱਖਿਆ ਅਫਸਰ, ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.), ਸਮੂਹ ਪ੍ਰਿੰਸੀਪਲ ਸਰਕਾਰੀ ਇਨਸਰਵਿਸ ਟ੍ਰੇਨਿੰਗ ਸੈਂਟਰਜ਼ ਅਤੇ ਡਾਇਟਸ (ਫਤਿਹਗੜ੍ਹ ਸਾਹਿਬ, ਮੋਗਾ, ਮਾਨਸਾ, ਸ਼੍ਰੀ ਮੁਕਤਸਰ ਸਾਹਿਬ, ਅਤੇ ਐਸ.ਬੀ.ਐਸ ਨਗਰ) ਵੱਲੋਂ ਕੀਤੀ ਜਾਵੇਗੀ।

ਚਲਦਾ ਪੰਨਾਂ................

ਪਿਛਲੇ ਪੰਨੇ ਤੋਂ...............

7.0 ਸਬੰਧਤ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ) ਵੱਲੋਂ ਟ੍ਰੇਨਿੰਗ ਦੌਰਾਣ ਗੈਰ ਹਾਜ਼ਰ ਰਹਿਣ ਵਾਲੇ ਅਧਿਆਪਕਾਂ ਵਿਰੁੱਧ ਬਣਦੀ ਕਾਰਵਾਈ ਕਰਕੇ ਮੁੱਖ ਦਫਤਰ ਨੂੰ ਸੂਚਿਤ ਕੀਤਾ ਜਾਵੇ।

8.0 ਟ੍ਰੇਨਿੰਗ ਤੇ ਆਉਣ ਵਾਲਾ ਸਾਰਾ ਖਰਚਾ ਮੱਦ 6.01 ਤਹਿਤ ਮੁੱਖ ਦਫਤਰ ਵੱਲੋਂ ਜਾਰੀ ਪੱਤਰ ਨੰ: ਸ.ਸ.ਅ/ਟੀ.ਟੀ/2011-12/21483, ਮਿਤੀ 22.04.2011 ਅਨੁਸਾਰ ਟੀਚਰ ਟ੍ਰੇਨਿੰਗ ਫੰਡ ਵਿੱਚੋਂ ਕੀਤਾ ਜਾਵੇਗਾ।

9.0 ਹੁਕਮਾਂ ਦੀ ਇੰਨ ਬਿੰਨ ਪਾਲਣਾ ਯਕੀਨੀ ਬਣਾਈ ਜਾਵੇ।

5/1/2012

**ਡਿਪਟੀ ਸਟੇਟ ਪ੍ਰਜੈਕਟ ਡਾਇਰੈਕਟਰ**
**ਸਰਵ ਸਿੱਖਿਆ ਅਭਿਆਨ ਅਥੋਰਿਟੀ,**
**ਪੰਜਾਬ,ਚੰਡੀਗੜ੍ਹ**

**ਪਿਠ ਅੰਕਣ ਨੰ:ਏਐਸਪੀਡੀ/ਟੀ.ਟੀ/2012/ ਉਕਤ** **ਮਿਤੀ:**

ਇਸ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ:
1) ਮੰਡਲ ਸਿੱਖਿਆ ਅਫਸਰ, (ਫਰੀਦਕੋਟ, ਜਲੰਧਰ, ਨਾਭਾ)
2) ਸਮੂਹ ਜਿਲ੍ਹਾ ਸਿੱਖਿਆ ਅਫਸਰ, (ਸੈ.ਸਿ)
3) ਸਮੂਹ ਪ੍ਰਿੰਸੀਪਲ ਸਰਕਾਰੀ ਇਨਸਰਵਿਸ ਟ੍ਰੇਨਿੰਗ ਸੈਂਟਰਜ਼
4) ਪ੍ਰਿੰਸੀਪਲ ਡਾਇਟ (ਫਤਿਹਗੜ੍ਹ ਸਾਹਿਬ, ਮਾਨਸਾ, ਮੋਗਾ, ਸ਼੍ਰੀ ਮੁਕਤਸਰ ਸਾਹਿਬ, ਅਤੇ ਐਸ.ਬੀ.ਐਸ ਨਗਰ)
5) ਡੀ.ਐਮ.(MIS) ਨੂੰ ਵੈਬ ਸਾਈਟ ਤੇ ਪਾਉਣ ਹਿੱਤ।

5/1/2012

**ਡਿਪਟੀ ਸਟੇਟ ਪ੍ਰਜੈਕਟ ਡਾਇਰੈਕਟਰ**
**ਸਰਵ ਸਿੱਖਿਆ ਅਭਿਆਨ ਅਥੋਰਿਟੀ,**
**ਪੰਜਾਬ,ਚੰਡੀਗੜ੍ਹ**